ਗੁਰਬਾਣੀ

(ਲੇਖਕ: ਬਲਵਿੰਦਰ ਸਿੰਘ)

ਬਾਣੀ ਉਹ ਹੈ ਜੋ ਅਸੀਂ ਮੂੰਹੋਂ ਬੋਲਦੇ ਹਾਂ ਅਤੇ ਬੋਲ ਕੇ ਆਪਣੀਆਂ ਭਾਵਨਾਵਾਂ ਨੂੰ ਵਿਅਕਤ ਕਰਦੇ ਹਾਂ। ਇਸ ਪ੍ਰਕਾਰ ਗੁਰਬਾਣੀ ਗੁਰੂ ਕੀ ਬਾਣੀ ਹੈ। ਇਹ ਗੁਰੂ ਦਾ ਬੋਲ ਹੈ। ਗੁਰੂ ਮਿੱਠ-ਬੋਲੜਾ ਹੈ ਅਤੇ ਉਸ ਦੀ ਬਾਣੀ "ਮੀਠੀ ਅੰਮ੍ਰਿਤਧਾਰ" ਹੈ। ਗੁਰਬਾਣੀ ਅਪਰੰਪਾਰ ਹੈ ਅਤੇ ਕਲਜੁੱਗੀ ਜੀਵਾਂ ਦਾ ਉਧਾਰ ਤੇ ਆਧਾਰ ਹੈ।

ਗੁਰਬਾਣੀ ਗੁਰੂ ਕੀ ਬਾਣੀ ਹੈ। ਇਹ ਧੁਰ ਕੀ ਬਾਣੀ ਹੈ। ਇਹੀ ਧੁਰ ਤੋਂ ਗੁਰੂ ਦੇ ਉਰ ਰਾਹੀ ਪ੍ਰਗਟ ਹੋਈ ਹੈ। ਇਹ ਸਾਡੇ ਹਿੱਤ ਦੀ ਬਾਤ ਹੈ। ਗੁਰੂ ਦੇ ਚਿੱਤ ਦੀ ਬਾਤ ਹੈ। ਸਤਿਗੁਰ ਸਭ ਦਾ ਭਲਾ ਮਨਾਇੰਦਾ ਹੈ। ਇਸ ਪ੍ਰਕਾਰ ਗੁਰੂ ਦੇ ਵਿਸ਼ਾਲ ਚਿੱਤ ਵਿੱਚੋਂ ਧੁਰੋਂ ਆਈ ਬਾਣੀ ਸਾਡੀਆਂ ਚਿੰਤਾਵਾਂ ਦਾ ਨਾਸ ਕਰਨ ਦੇ ਸਮਰੱਥ ਹੈ। ਇਹ ਸਮਰੱਥ ਨਿਰਭਉ ਅਕਾਲ ਪੁਰਖ ਦਾ ਗਾਇਆ ਹੋਇਆ ਸੋਹਿਲਾ ਹੈ। ਇਸ ਲਈ ਗੁਰਬਾਣੀ ਸਹਿਜ ਸੁਹੇਲੀ ਹੈ ਇਹ ਸੰਸਾਰੀ ਮਨੁੱਖਾਂ ਦੇ ਅੰਦਰ ਸਹਿਜ ਨਾਲ ਹੀ ਸਹਿਜ ਪੈਦਾ ਕਰ ਦਿੰਦੀ ਹੈ ਅਤੇ ਮਨੁੱਖ ਦਾ ਜੀਵਨ ਸੁਹੇਲਾ ਹੋ ਜਾਂਦਾ ਹੈ।

ਗੁਰਬਾਣੀ ਸੱਚ ਦੀ ਬਾਣੀ ਹੈ। ਇਹ ਸੱਚ ਸਰੂਪ ਹੈ। ਗੁਰਬਾਣੀ ਸੱਚ ਦੇ ਵੇਲੇ ਨਿਡਰ ਹੋ ਕੇ ਸੁਣਾਇਆ ਗਿਆ ਸੱਚ ਹੈ। ਵਾਹਿਗੁਰੂ ਖ਼ੁਦ ਸਤਿਨਾਮ ਹੈ, ਖ਼ੁਦ ਸੱਚ ਹੈ। ਸਤਿਗੁਰ ਦੀ ਬਾਣੀ ਸਤਿਗੁਰੂ ਜੀ ਦੇ ਮੂੰਹੋਂ ਸਹਿਜੇ ਹੀ ਨਿਕਲੀ ਹੋਈ ਸਵੈਮ ਸਿੱਧ ਸਤਿ ਹੈ।

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥ (੩੦੮)

ਗੁਰਬਾਣੀ ਦਾ ਸੁਭਾ ਅਕਾਲ ਪੁਰਖ ਵਰਗਾ ਹੈ। ਸਮੱਸਤ ਬਾਣੀ ਅੰਦਰ ਕੇਵਲ ਨਿਰੰਕਾਰ ਦੀ ਹੀ ਗੱਲ ਹੈ। ਇਹ ਨਿਰੰਕਾਰ ਨਾਲ ਅਭੇਦ ਹੋਣ ਦਾ ਵਲ ਹੈ। ਇਹ ਆਤਮਿਕ ਬਾਤ ਹੈ ਇਸ ਲਈ ਇਸ ਨੂੰ ਆਤਮਾ ਜਾਂ ਜੀਉ ਨਾਲ ਹੀ ਜਾਣਿਆ ਤੇ ਮਾਣਿਆ ਜਾ ਸਕਦਾ ਹੈ।

ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥ (੭੯੭)

ਇਸ ਪ੍ਰਕਾਰ ਗੁਰਬਾਣੀ ਸਤਿਗੁਰਾਂ ਦੀ ਮਤਿ ਵੀ ਹੈ। ਗੁਰ ਕੀ ਮਤਿ ਮੂਰਖਾਂ, ਹੂੜਮੱਤੀਆਂ, ਮੂੜਮੱਤੀਆਂ ਅਤੇ ਅੰਞਾਣਿਆਂ ਨੂੰ ਸਿਆਣਾ ਬਣਾਉਂਦੀ ਹੈ। ਗੁਰਬਾਣੀ ਦੁਆਰਾ ਬਣੇ ਹੋਏ ਸਿਆਣੇ ਫਿਰ ਭਵ-ਸਾਗਰ ਵਿੱਚ ਡੁਬਦੇ ਨਹੀਂ, ਮੋਹ ਚਿੱਕੜ ਵਿੱਚ ਖੁੱਭਦੇ ਨਹੀਂ।

ਗੁਰਬਾਣੀ ਖਸਮ ਕੀ ਬਾਣੀ ਹੈ ਅਤੇ ਗੁਰੂ ਦੇ ਮੁੱਖੋਂ ਗਿਆਨ ਰੂਪ ਬਣ ਕੇ ਪ੍ਰਕਾਸ਼ ਹੋਈ ਹੈ। ਗਿਆਨ ਪ੍ਰਕਾਸ਼ ਹੀ ਹੈ। ਗੁਰੂ ਗਿਆਨ ਹੈ। ਗੁਰੂ ਦੀ ਹੋਂਦ ਅੰਧਕਾਰ ਦੂਰ ਕਰਕੇ ਪ੍ਰਕਾਸ਼ ਕਰਦੀ ਹੈ। ਬਾਣੀ ਗੁਣਾਂ ਦਾ ਖ਼ਜ਼ਾਨਾ ਗੁਣਨਿੱਧ ਹੈ।